# ਸ਼ਹੀਦੀ ਰੁਤਬੇ ਬਾਰੇ ਸਰਕਾਰੀ ਨਜ਼ਰੀਆ

ਮਲਵਿੰਦਰ ਜੀਤ ਸਿੰਘ ਵੜੈਚ

ਹੁੰਨੇ ਜਹੇ ਹੀ ਇੱਕ ਅੰਗ੍ਰੇਜ਼ੀ ਅਖਬਾਰ 'ਚ ਖਬਰ ਛਪੀ ਹੈ ਕਿ ਯੂਨੀਅਨ ਹੋਮ ਮਨਿਸਟਰੀ ਨੇ ਨੀਮ ਫ਼ੌਜੀ ਬਲਾਂ ਦੇ ਐਕਸ਼ਨ ਦੌਰਾਨ ਹਲਾਕ ਹੋਣ ਵਾਲੇ ਮ੍ਰਿਤਕਾਂ ਨੂੰ ਵੀ ਐਕਸ਼ਨ ਦੌਰਾਨ ਹਲਾਕ ਹੋਏ ਫ਼ੌਜੀਆਂ ਵਾਂਗ 'ਸ਼ਹੀਦ' ਕਰਾਰ ਦੇ ਦਿੱਤਾ ਹੈ, ਤੇ ਇਸ ਤਰ੍ਹਾਂ ਕੇਂਦਰੀ ਬਲਾਂ ਦੀ ਚਿਰੋਕਣੀ ਲਟਕਦੀ ਆ ਰਹੀ ਮੰਗ ਪ੍ਰਰਵਾਨ ਕਰ ਲਈ ਗਈ ਹੈ।

ਅੱਗੇ ਚੱਲਕੇ ਉਸੇ ਰਿਪੋਰਟ ਦੇ ਹੀ ਅਗਲੇ ਕਾਲਮ ਵਿੱਚ ਯੂਨੀਅਨ ਹੋਮ ਮਨਿਸਟਰ ਕਿਰਨ ਰਾਜੂ ਦੇ ਲੋਕ ਸਭਾ ਵਿੱਚ ਇਸ ਬਾਰੇ ਦਿੱਤੇ ਸਪਸ਼ਟੀਕਰਨ ਦਾ ਹਵਾਲਾ ਵੀ ਦਰਜ ਹੈ ਕਿ 'ਸ਼ਹੀਦ' ਸ਼ਬਦ ਅਜੇ ਪਰਿਭਾਸ਼ਤ ਕੀਤਾ ਹੀ ਨਹੀਂ ਗਿਆ।

ਇਸ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸ਼ਹੀਦੀ ਰੁਤਬੇ ਬਾਰੇ ਸਰਕਾਰ ਕਿੰਨੀ ਕੁ ਗੰਭੀਰ ਹੈ।

**ਪਿਛੋਕੜ**: ਹਿੰਦ ਸਰਕਾਰ ਦੀ ਪਹਿਲ ਤੇ 1969 'ਚ 'Who's who of Indian Martyrs' ਨਾਂ ਦੀ ਪੁਸਤਕ ਪ੍ਰਕਾਸ਼ਤ ਹੋਈ ਸੀ, ਜੀਹਦੀ ਪੂਰਕ ਜਿਲਦ 1972 ਵਿੱਚ ਛਪੀ ਸੀ, ਜਿਸ ਅੰਦਰ ਕੁੱਝ ਨਵੇਂ ਅਤੇ ਕੁੱਝ ਪਹਿਲੀ ਕਿਤਾਬ ਵਾਲੇ ਸ਼ਹੀਦਾਂ ਦੇ ਵੇਰਵੇ ਦਿੱਤੇ ਗਏ ਸਨ ਤੇ ਕੁੱਝ ਕੁ ਦੀਆਂ ਤਸਵੀਰਾਂ ਵੀ, ਇਹਨਾਂ ਕਿਤਾਬਾਂ 'ਚ ਲਗਭਗ 7000 ਸ਼ਹੀਦਾਂ ਦਾ ਜ਼ਿਕਰ ਸੀ। ਇਹਦੇ ਵਿੱਚ ਵੱਡੀ ਖ਼ਾਮੀ ਇਹ ਸੀ ਕਿ ਕੁੱਝ ਕੁ ਨੂੰ ਛੱਡ ਕੇ ਬਾਕੀ ਸਾਰੀ ਜਾਣਕਾਰੀ ਜ਼ੁਬਾਨੀ ਸਰੋਤਾਂ ਤੇ ਹੀ ਆਧਾਰਿਤ ਸੀ।

1972 'ਚ ਆਜ਼ਾਦੀ ਦੀ ਸਿਲਵਰ ਜੁਬਲੀ ਮੌਕੇ ਹਿੰਦ ਸਰਕਾਰ ਨੇ ਆਜ਼ਾਦੀ ਘੁਲਾਟੀਆਂ ਲਈ ਇੱਕ ਪੈਨਸ਼ਨ ਸਕੀਮ ਐਲਾਨੀ, ਜੋ ਕਈ ਸੋਧਾਂ-ਵਾਧਿਆਂ ਪਿੱਛੋਂ 1980 ਵਿੱਚ "ਸਵਤੰਤਰਤਾ ਸੈਨਿਕ ਸੱਮਾਨ ਪੈਨਸ਼ਨ ਸਕੀਮ-1980" ਦੇ ਨਾਂ ਹੇਠਾਂ ਲਾਗੂ ਕੀਤੀ ਗਈ ਸੀ। ਇਸ ਅਨੁਸਾਰ ਆਜ਼ਾਦੀ ਘੁਲਾਟੀਆ ਪਰਵਾਨਿਤ ਹੋਣ ਲਈ ਦੋ ਤਰ੍ਹਾਂ ਦੀਆਂ ਸ਼ਰਤਾਂ ਰੱਖੀਆਂ ਗਈਆਂ ਸਨ, ਬਿਨੈਕਾਰ ਨੇ ਜਾਂ ਕਾਂਗਰਸ ਜਾਂ ਫਿਰ ਮਾਨਤਾ ਪ੍ਰਾਪਤ ਲਹਿਰ/ਅੰਦੋਲਨ ਵਿੱਚ ਭਾਗ ਲੈਣ ਦੇ ਸਿੱਟੇ ਵਜੋਂ ਕੈਦ ਆਦਿ ਦੀ ਸਜ਼ਾ ਭੁਗਤੀ ਹੋਵੇ ਤੇ ਫਿਰ ਵੱਖੋ-ਵੱਖ ਸਜ਼ਾਵਾਂ ਦੇ ਮਿਆਰ ਦਿੱਤੇ ਗਏ ਹਨ, ਜਿਨ੍ਹਾਂ ਦੀ ਪੂਰਤੀ ਲਾਜ਼ਮੀ ਕਰਾਰ ਦਿੱਤੀ ਗਈ ਸੀ; ਨਾਲੇ ਗੁਜ਼ਰ ਚੁਕੇ ਆਜ਼ਾਦੀ ਘੁਲਾਟੀਆਂ ਦੇ ਪਰਵਾਨਿਤ ਵਾਰਸਾਂ ਦੀਆਂ ਯੋਗਤਾਵਾਂ ਵੀ ਦਿੱਤੀਆਂ ਗਈਆਂ ਸਨ।

ਇਥੇ ਇਹ ਦੱਸਣਾ ਬਣਦਾ ਹੈ ਕਿ ਪਰਵਾਨਿਤ ਲਹਿਰਾਂ ਵਿਚ ਗ਼ਦਰ ਲਹਿਰ ਨੂੰ "ਚੱਦਰ ਲਹਿਰ" ਵਜੋਂ ਦਰਸਾਇਆ ਗਿਆ ਸੀ, ਤੇ ਕੂਕਾ ਲਹਿਰ, ਕੋਮਾਗਾਟਾ ਮਾਰੂ ਅਤੇ ਇੱਥੋਂ ਤੀਕ ਕਿ ਜਲਿਆਂਵਾਲਾ ਕਾਂਡ ਨੂੰ ਵੀ ਲੇਖਕ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਲੰਮੀ ਕਾਨੂੰਨੀ ਲੜਾਈ ਉਪਰਾਂਤ ਹੀ ਮਾਨਤਾ ਦਿੱਤੀ ਗਈ ਸੀ।

ਆਜ਼ਾਦੀ ਘੁਲਾਟੀਏ ਦੀ ਪਰਿਭਾਸ਼ਾ ਸੀ ਕਿ ਜਾਂ ਉਸਨੇ ਛੇ ਮਹੀਨੇ ਕੈਦ ਕੱਟੀ ਹੋਵੇ, ਜਾਂ ਓਨਾ ਚਿਰ ਮਫ਼ਰੂਰ ਰਿਹਾ ਹੋਵੇ, ਨੌਕਰੀਉਂ ਬਰਖਾਸਤ ਕੀਤਾ ਗਿਆ ਹੋਵੇ, ਜਾਇਦਾਦ ਜ਼ਬਤ ਹੋਈ ਹੋਵੇ, ਲਾਠੀ ਚਾਰਜ ਆਦਿ ਕਰਕੇ ਅਪੰਗ ਹੋ ਗਿਆ ਹੋਵੇ, 10 ਕੋੜੇ ਝੱਲੇ ਹੋਣ ਜਾਂ ਸ਼ਹੀਦ ਹੋਇਆ ਹੋਵੇ।

ਸੋ ਇਹਨਾਂ ਸਾਰਿਆਂ ਨੂੰ ਇਕੋ ਹੀ ਰੁਤਬਾ ਮਿਲੇਗਾ — 'ਆਜ਼ਾਦੀ ਘੁਲਾਟੀਆ'; ਤਥਾ ਸ਼ਹੀਦ ਉਹ ਵਿਅਕਤੀ ਹੈ ਜਿਸਨੇ ਆਜ਼ਾਦੀ ਸੰਗਰਾਮ ਦੇ ਸੰਬੰਧ ਵਿੱਚ ਜੇਲ੍ਹ ਅੰਦਰ, ਐਕਸ਼ਨ ਦੌਰਾਨ ਜਾਂ ਫਾਂਸੀ ਦੁਆਰਾ ਜੀਵਨ ਬਲੀਦਾਨ ਕੀਤਾ ਹੋਵੇ। ਇਹਨਾਂ ਵਿੱਚ ਆਈ.ਐਨ.ਏ. ਵਾਲੇ ਸ਼ਹੀਦ ਵੀ ਸ਼ਾਮਿਲ ਕੀਤੇ ਗਏ ਸਨ।

ਉਕਤ ਸਕੀਮ ਦੀ ਇੱਕ ਬੁਨਿਆਦੀ ਖ਼ਾਮੀ ਇਹ ਵੀ ਸੀ ਕਿ ਮ੍ਰਿਤਕ ਆਜ਼ਾਦੀ ਸੰਗਰਾਮੀਏ ਸੰਬੰਧੀ ਪੈਨਸ਼ਨ ਲਈ ਹੱਕਦਾਰ ਉਹਦੀ ਵਿਧਵਾ, ਮਾਪੇ ਜਾਂ ਅਣਵਿਆਹੀ ਧੀ ਹੀ ਹੋ ਸਕਦੀ ਸੀ।

ਲੇਖਕ (ਮੇਰੇ) ਵੱਲੋਂ ਏਸ ਸਕੀਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਚ ਉਲੇਖ ਕੀਤਾ ਸੀ ਕਿ 1980 ਵਿੱਚ ਵੀ ਕਿਸੇ ਪ੍ਰਸਿੱਧ ਕੌਮੀ ਸ਼ਹੀਦ ਜਿਵੇਂ ਭਗਤ ਸਿੰਘ, ਰਾਜ ਗੁਰੂ, ਸੁਖ ਦੇਵ, ਆਜ਼ਾਦ, ਸਰਾਭਾ, ਊਧਮ ਸਿੰਘ ਦਾ ਕੋਈ ਵੀ ਵਾਰਿਸ ਪੈਨਸ਼ਨ ਦਾ ਹੱਕਦਾਰ ਨਹੀਂ ਸੀ; ਅਤੇ ਜੋ ਪੈਨਸ਼ਨ ਦਾ ਹੱਕਦਾਰ ਨਹੀਂ ਉਹ "ਆਜ਼ਾਦੀ ਘੁਲਾਟੀਆ' ਵੀ ਨਹੀਂ, ਕਿਉਂਕਿ ਏਸ ਸਕੀਮ ਵਿੱਚ ਕੋਈ ਅਜੇਹੀ ਵਿਵਸਥਾ ਨਹੀਂ ਸੀ ਰੱਖੀ ਗਈ ਕਿ ਚਲੋ ਜੇ ਕਿਸੇ ਦਾ ਵਾਰਿਸ ਪੈਨਸ਼ਨ ਦਾ ਹੱਕਦਾਰ

ਨਹੀਂ ਤਾਂ ਘੱਟੋ-ਘੱਟ ਉਹਦੀ ਆਜ਼ਾਦੀ ਸੰਗਰਾਮ 'ਚ ਘਾਲਣਾ ਅਨੁਸਾਰ ਉਹਨੂੰ ਪ੍ਰਮਾਣ ਪੱਤਰ ਤਾਂ ਜਾਰੀ ਕੀਤਾ ਜਾ ਸਕੇ।

ਮੇਰੀ ਪਟੀਸ਼ਨ ਵਿੱਚ ਇਹ ਮੁੱਦਾ ਵੀ ਓਭਾਰਿਆ ਗਿਆ ਸੀ।

ਇੱਕ ਹੋਰ ਸ਼ਰਤ ਜੋ ਬਿਨੈਕਾਰ ਲਈ ਪੂਰੀ ਕਰਨੀ ਲਾਜ਼ਮੀ ਸੀ ਕਿ ਆਜ਼ਾਦੀ ਘੁਲਾਟੀਏ ਦੀ ਕੁਰਬਾਨੀ ਦਾ ਦਸਤਾਵੇਜ਼ੀ ਸਬੂਤ ਮੁਹੀਈਆ ਕਰਾਇਆ ਜਾਵੇ। ਅਸੀਂ ਜਾਣਦੇ ਹਾਂ ਕਿ ਸ਼ਹੀਦ ਦੀ ਸ਼ਹੀਦੀ ਦਾ ਦਸਤਾਵੇਜ਼ੀ ਸਬੂਤ (ਜੇ ਹੈ) ਤਾਂ ਸਰਕਾਰੀ ਰਿਕਾਰਡ ਵਿੱਚੋਂ ਹੀ ਮਿਲ ਸਕਦੈ, ਜੀਹਦੇ ਤੱਕ ਜਨ ਸਾਧਾਰਨ ਦੀ ਕੋਈ ਰਸਾਈ ਹੀ ਨਹੀਂ। ਲੇਖਕ ਨੇ ਇਸ ਸ਼ਰਤ ਨੂੰ ਵੀ ਵੰਗਾਰਿਆ ਸੀ।

ਅਖੀਰ ਵਿੱਚ ਮੈਂ ਇਹ ਕਹਿਣ ਦੀ ਖੁਲ੍ਹ ਲੈਣਾ ਚਾਹਾਂਗਾ ਕਿ ਮੇਰੀ ਪਟੀਸ਼ਨ ਅਨੁਸਾਰ ਆਜ਼ਾਦੀ ਘੁਲਾਟੀਏ ਦਾ ਕੋਈ ਵੀ ਜੀਵਤ ਵਾਰਿਸ ਓਹਦੇ ਸੰਬੰਧੀ ਪੈਨਸ਼ਨ ਦਾ ਹੱਕਦਾਰ ਹੋਵੇ, ਦੂਜਾ — ਸਰਕਾਰ ਦਾ ਪਹਿਲਾ ਫਰਜ਼ ਹੈ ਕਿ ਆਜ਼ਾਦੀ ਘੁਲਾਟੀਏ ਦੀ ਕਰਬਾਨੀ ਦਾ ਸਬੂਤ ਸਰਕਾਰੀ ਮਿਸਲਾਂ, ਸਰਕਾਰ ਦੁਆਰਾ ਪ੍ਰਕਾਸ਼ਤ ਪੁਸਤਕਾਂ ਵਿੱਚੋਂ ਲੱਭਣ ਦਾ ਪੂਰਾ ਜਤਨ ਕਰੇ ਤੇ ਜੇ ਨਾ ਲਭੇ ਤਾਂ ਹੀ ਬਿਨੈਕਾਰ ਨੂੰ ਸਬੂਤ ਉਪਲਬਦ ਕਰਾਉਣ ਲਈ ਆਖਿਆ ਜਾਏ।

ਤੀਜਾ — ਜੇ ਕੋਈ ਪੈਨਸ਼ਨ ਨਾ ਵੀ ਲਵੇ ਤਾਂ ਵੀ ਜਾਂਚ-ਪੜਤਾਲ ਦੇ ਆਧਾਰ ਤੇ ਵਾਰਸਾਂ ਨੂੰ ਓਹਨਾਂ ਦੇ ਵਡੇਰੇ ਦੇ ਆਜ਼ਾਦੀ ਘੁਲਾਟੀਏ ਹੋਣ ਦਾ ਸਰਟੀਫਿਕੇਟ ਜਾਰੀ ਕੀਤਾ ਜਾਵੇ।

ਮੇਰੀ ਇਹ ਪਟੀਸ਼ਨ ਅਪ੍ਰੈਲ 2012 ਵਿੱਚ ਹਾਈ ਕੋਰਟ ਨੇ ਪ੍ਰਵਾਨ ਕਰ ਲਈ ਅਤੇ ਭਾਰਤ ਸਰਕਾਰ ਨੂੰ ਸਕੀਮ ਵਿੱਚ ਲੋੜੀਦੀਆਂ ਸੋਧਾਂ ਤੁਰੰਤ ਕਰਨ ਦੇ ਆਦੇਸ਼ ਵੀ ਜਾਰੀ ਕਰ ਦਿੱਤੇ, ਪਰ ਕੋਈ ਦੋ ਸਾਲ ਪਿਛੋਂ ਭਾਰਤ ਸਰਕਾਰ ਨੇ ਲੇਖਕ ਨੂੰ ਚਿੱਠੀ ਰਾਹੀਂ ਸੂਚਿਤ ਕੀਤਾ ਕਿ ਮੌਜੂਦਾ ਪੈਨਸ਼ਨ ਸਕੀਮ ਤਾਂ ਹੈ ਈ ਉੱਤਮ — ਜੀਹਦੇ 'ਚ ਸੋਧ ਦੀ ਕੋਈ ਗੁੰਜਾਇਸ਼ ਹੀ ਨਹੀਂ। ਵੇਖੋ!

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਫੋਨ: 0172-2556314
ਈਮੇਲ: mjswaraich29@gmail.com